Education
Public Schools

# ਮਾਪਿਆਂ/ਸਰਪ੍ਰਸਤਾਂ ਨੂੰ *Nitbusters* ਪੱਤਰ: ਸਕੂਲਜ਼ ਵਿੱਚ ਸਿੱਰ ਦੀਆਂ ਜੂੰਆਂ ਬਾਰੇ ਪ੍ਰੋਗਰਾਮ
# Letter to parents/carers concerning *Nitbusters: Head lice in schools program*

ਬੱਚੇ ਦਾ ਨਾਮ ______________________ ਜਮਾਤ ______________
Child's name Class

Nitbusters ਦਿਵਸ ਦੀ ਮਿਤੀ ______________________
Date of Nitbusters Day

ਪਿਆਰੇ ਮਾਪੇ/ਸਰਪ੍ਰਸਤ ______________________
Date for return of consent form

Nitbusters ਦਾ ਉਦੇਸ਼ ਸਕੂਲਾਂ, ਬੱਚਿਆਂ ਤੇ ਮਾਪਿਆਂ ਨੂੰ ਸਿਰ ਦੀਆਂ ਜੂੰਆਂ ਬਾਰੇ ਸਿੱਖਿਅਤ ਕਰਨ ਤੇ ਉਨ੍ਹਾਂ ਦਾ ਖ਼ਾਤਮਾ ਕਰਨਾ ਹੈ।

ਮੈਂ ਉਪਰੋਕਤ ਦਰਸਾਈ ਮਿਤੀ ਨੂੰ ਸਕੂਲ ਵਿੱਚ ਰੱਖੇ Nitbusters ਦਿਵਸ ਮੌਕੇ ਤੁਹਾਡੇ ਬੱਚੇ ਦੀ ਸ਼ਮੂਲੀਅਤ ਹਿਤ ਤੁਹਾਡੀ ਪ੍ਰਵਾਨਗੀ ਲਈ ਇਹ ਲਿਖਤੀ ਬੇਨਤੀ ਕਰ ਰਿਹਾ ਹਾਂ। Nitbusters ਦਿਵਸ ਉਹ ਦਿਨ ਹੁੰਦਾ ਹੈ ਜਦੋਂ ਮਾਪੇ ਸਾਰੇ ਬੱਚਿਆਂ ਦੇ ਸਿਰਾਂ ਦੀਆਂ ਜੂੰਆਂ ਦੀ ਜਾਂਚ ਤੇ ਇਲਾਜ ਲਈ ਮਦਦ ਕਰ ਸਕਦੇ ਹਨ।

ਹਰੇਕ ਬੱਚੇ ਨੂੰ ਇਸ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਹਸਤਾਖਰ-ਯੁਕਤ ਸਹਿਮਤੀ ਫ਼ਾਰਮ ਤੋਂ ਬਿਨਾਂ ਕੋਈ ਬੱਚਾ ਇਸ ਵਿੱਚ ਭਾਗ ਨਹੀਂ ਲੈ ਸਕਦਾ ਅਤੇ ਉਨ੍ਹਾਂ ਨੂੰ ਇਸ ਵਿੱਚ ਭਾਗ ਨਾ ਲੈਣ ਬਦਲੇ ਕਿਸੇ ਤਰੀਕੇ ਕੋਈ ਸਜ਼ਾ ਵੀ ਨਹੀਂ ਦਿੱਤੀ ਜਾਵੇਗੀ। ਮਾਪੇ/ਸਰਪ੍ਰਸਤ ਅਤੇ/ਜਾਂ ਬੱਚੇ ਕਿਸੇ ਵੀ ਵੇਲੇ ਜਾਂਚ 'ਚੋਂ ਆਪਣਾ ਨਾਮ ਵਾਪਸ ਲੈ ਸਕਦੇ ਹਨ। ਭਾਗ ਨਾ ਲੈਣ ਵਾਲੇ ਬੱਚੇ ਜੂੰਆਂ ਤੇ ਆਂਡਿਆਂ ਦੀ ਸ਼ਨਾਖ਼ਤ ਕਰਨੀ ਤੇ ਉਨ੍ਹਾਂ ਦਾ ਖਾਤਮਾ ਕਰਨਾ ਸਿੱਖ ਸਕਦੇ ਹਨ।

Nitbusters ਦਿਵਸ 'ਚ ਭਾਗ ਲੈਣ ਵਾਲੇ ਹਰੇਕ ਬੱਚੇ ਦੇ ਵਾਲਾਂ ਦੀ ਜਾਂਚ ਕਰ ਕੇ ਇਹ ਪਤਾ ਲਾਇਆ ਜਾਵੇਗਾ ਕਿ ਕਿਤੇ ਉਨ੍ਹਾਂ ਦੇ ਜੂੰਆਂ ਤਾਂ ਨਹੀਂ ਪਣਪ ਰਹੀਆਂ। ਸਹਾਇਕ ਮਾਪੇ ਇਸ ਜਾਂਚ ਅਤੇ ਇਲਾਜ ਦੋਵਾਂ ਦੀ ਪ੍ਰਕਿਰਿਆ ਲਈ ਰਬੜ ਦੇ ਡਿਸਪੋਜ਼ੇਬਲ (disposable) ਜਾਂ ਲੇਟੈਕਸ (latex) ਦਸਤਾਨੇ ਪਹਿਨਣਗੇ। ਜੇ ਲੀਖਾਂ (ਆਂਡੇ) ਜਾਂ ਜੂੰਆਂ ਪਾਈਆਂ ਜਾਂਦੀਆਂ ਹਨ, ਤਾਂ ਵਾਲਾਂ ਦਾ ਨਿਯਮਤ ਕੰਡੀਸ਼ਨਰ ਵਾਲਾਂ 'ਚ ਲਾ ਕੇ ਕੰਘੀ ਫੇਰੀ ਜਾਵੇਗੀ। ਵੱਡੀ ਕੰਘੀ ਨਾਲ ਗੁੰਝਲਾਂ ਕੱਢ ਕੇ, ਜੂੰਆਂ ਕੱਢਣ ਵਾਲੀ ਇੱਕ ਬਾਰੀਕ ਕੰਘੀ ਦੀ ਵਰਤੋਂ ਕਰ ਕੇ ਜੂੰਆਂ ਤੇ ਲੀਖਾਂ ਕੱਢੀਆਂ ਜਾਣਗੀਆਂ। ਹਰੇਕ ਵਿਅਕਤੀਗਤ ਬੱਚੇ ਲਈ ਇਲਾਜ ਵਾਸਤੇ ਦਸਤਾਨੇ ਬਦਲੇ ਜਾਣਗੇ। ਕਿਸੇ ਬੱਚੇ ਦੇ ਸਿਰ ਵਿੱਚ ਕਿਸੇ ਛੂਤ ਦੇ ਲੱਛਣ ਵਿਖਾਈ ਦੇਣਗੇ ਜਾਂ ਜ਼ਖ਼ਮਾਂ ਜਾਂ psoriasis (ਦਾਣੇਦਾਰ ਧੱਫੜਾਂ ਵਾਲਾ ਇੱਕ ਚਮੜੀ ਰੋਗ) ਰੋਗ ਦਾ ਪ੍ਰਮਾਣ ਮਿਲਣ 'ਤੇ ਬੱਚੇ ਦੀ ਜਾਂਚ ਜਾਂ ਇਲਾਜ ਨਹੀਂ ਕੀਤਾ ਜਾਵੇਗਾ।

ਪ੍ਰਕਿਰਿਆ ਮੁਕੰਮਲ ਹੋਣ 'ਤੇ ਬੱਚੇ ਦੇ ਵਾਲਾਂ 'ਚ ਕੰਘੀ ਫੇਰੀ ਜਾਵੇਗੀ ਤੇ ਉਨ੍ਹਾਂ ਨੂੰ ਸਾਫ਼ ਤੇ ਸਿੱਧੇ ਕੀਤਾ ਜਾਵੇਗਾ। ਕੰਡੀਸ਼ਨਰ ਨੂੰ ਧੋਇਆ ਨਹੀਂ ਜਾਵੇਗਾ ਕਿਉਂਕਿ ਸਕੂਲ 'ਚ ਅਜਿਹਾ ਕਰਨਾ ਔਖਾ ਹੈ। ਇਹ ਕੰਡੀਸ਼ਨਰ ਵਾਲਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਏਗਾ ਅਤੇ ਉਸ ਨੂੰ ਬੱਚੇ ਦੇ ਘਰ ਪਰਤਣ 'ਤੇ ਧੋਇਆ ਜਾ ਸਕੇਗਾ।

ਸਾਰੀਆਂ ਕੰਘੀਆਂ ਹਰੇਕ ਇਲਾਜ ਦੇ ਵਿਚਾਲੇ ਸਾਬਣ ਵਾਲੇ ਗਰਮ ਪਾਣੀ ਨਾਲ ਧੋਈਆਂ ਜਾਣਗੀਆਂ ਕਿਉਂਕਿ ਸਿਰ ਦੀਆਂ ਜੂੰਆਂ 60 ਡਿਗਰੀ ਸੈਲਸੀਅਸ ਤਾਪਮਾਨ 'ਤੇ ਮਰ ਜਾਂਦੀਆਂ ਹਨ।

ਜਾਂਚ ਤੋਂ ਬਾਅਦ ਜੇ ਤੁਹਾਡੇ ਬੱਚੇ ਦੇ ਸਿਰ ਦੇ ਵਾਲਾਂ 'ਚ ਲੀਖਾਂ, ਜੂੰਆਂ ਜਾਂ ਲੀਖਾਂ ਤੇ ਜੂੰਆਂ ਦੋਵੇਂ ਪਾਈਆਂ ਜਾਣਗੀਆਂ, ਤਾਂ ਤੁਹਾਨੂੰ ਇੱਕ ਨੋਟ ਘਰ ਭੇਜਿਆ ਜਾਵੇਗਾ। ਸਾਰੇ ਮਾਪਿਆਂ ਨੂੰ ਸਿਰ ਦੀਆਂ ਜੂੰਆਂ ਦੇ ਇਲਾਜ ਬਾਰੇ ਇੱਕ ਸੂਚਨਾ ਸ਼ੀਟ ਦਿੱਤੀ ਜਾਵੇਗੀ, ਭਾਵੇਂ ਉਨ੍ਹਾਂ ਦੇ ਬੱਚੇ ਨੇ ਇਸ ਪ੍ਰੋਗਰਾਮ ਵਿੱਚ ਭਾਗ ਨਾ ਵੀ ਲਿਆ ਹੋਵੇ।

ਸਾਡੇ ਸਕੂਲ ਵਿੱਚ Nitbusters ਦੀ ਸਫ਼ਲਤਾ ਲਈ, ਹਰੇਕ ਬੱਚੇ ਨੂੰ ਇਸ ਵਿੱਚ ਭਾਗ ਲੈਣਾ ਚਾਹੀਦਾ ਹੈ। ਜੂੰਆਂ ਜਾਂ ਲੀਖਾਂ ਤੋਂ ਪ੍ਰਭਾਵਿਤ ਇੱਕ ਬੱਚੇ ਤੋਂ ਸਮੁੱਚੀ ਜਮਾਤ ਪ੍ਰਭਾਵਿਤ ਹੋ ਸਕਦੀ ਹੈ। ਇੱਕ ਮਹੱਤਵਪੂਰਣ ਸੁਨੇਹਾ ਇਹ ਹੈ ਕਿ ਕਿਸੇ ਉਮਰ, ਲਿੰਗ ਜਾਂ ਪਿਛੋਕੜ ਦੇ ਵਿਅਕਤੀ ਦੇ ਸਿਰ 'ਚ ਜੂੰਆਂ ਫੈਲ ਸਕਦੀਆਂ ਹਨ। ਇਸ ਦਾ ਇਲਾਜ ਭਾਈਚਾਰੇ 'ਤੇ ਆਧਾਰਤ ਹੋਣ ਤੇ ਇਸ ਨੂੰ ਜਾਰੀ ਰੱਖਣ ਦੀ ਜ਼ਰੂਰਤ ਹੈ।

ਸਕੂਲ ਦਾ ਸਮੁੱਚਾ ਭਾਈਚਾਰਾ ਇਸ ਪ੍ਰੋਗਰਾਮ ਦੇ ਤਾਲਮੇਲ ਵਿਚ ਇੱਕਜੁਟ ਹੋ ਕ ਭਾਗ ਲੈਂਦਾ ਹੈ ਅਤੇ ਇਸ ਸਕੂਲ ਵਿੱਚ Nitbusters ਦਿਵਸ ਮਨਾਉਂਦਾ ਹੈ, ਤਾਂ ਜੋ ਇੱਕੋ ਵੇਲੇ ਸਾਰੇ ਵਿਦਿਆਰਥੀਆਂ ਦੇ ਸਿਰ ਦੀਆਂ ਜੂੰਆਂ ਦਾ ਇਲਾਜ ਕੀਤਾ ਜਾ ਸਕੇ। ਸਕੂਲ ਦੇ ਬੱਚਿਆਂ ਦੇ ਮਾਪਿਆਂ ਦੀ ਇਕਾਈ ਇਸ ਦਿਨ ਬੱਚਿਆਂ ਦੇ ਸਿਰ ਦੀਆਂ ਜੂੰਆਂ ਦੀ ਜਾਂਚ ਤੇ ਇਲਾਜ ਲਈ ਸਹਾਇਤਾ ਪ੍ਰਦਾਨ ਕਰਦੀ ਹੈ। ਇਸ ਸਕੂਲ ਦਿਵਸ ਮੌਕੇ ਹਰੇਕ ਜਮਾਤ ਵਿੱਚ ਮਾਪੇ/ਸਰਪ੍ਰਸਤ ਵਲੰਟੀਅਰ ਇੱਕ ਇੱਕ ਕਰਕੇ ਸਾਰੀਆਂ ਕਲਾਸਾਂ ਦੀ ਜਾਂਚ ਕਰਦੇ ਹਨ, ਅਤੇ ਇਸ ਦਿਨ ਨਿੱਕੇ ਬੱਚਿਆਂ ਦਾ ਇਲਾਜ ਪਹਿਲਾਂ ਕੀਤਾ ਜਾਂਦਾ ਹੈ। ਇਸ ਪ੍ਰੋਗਰਾਮ ਵਿੱਚ ਸਿਰ ਦੀਆਂ ਜੂੰਆਂ ਦੇ ਇਲਾਜ ਲਈ ਕੰਘੀ ਤੇ ਕੰਡੀਸ਼ਨਰ ਦੀ ਵਿਧੀ ਵਰਤੀ ਜਾਂਦੀ ਹੈ, ਜੋ ਇੱਕ ਸੁਰੱਖਿਅਤ, ਗ਼ੈਰ-ਰਸਾਇਣ ਇਲਾਜ ਹੈ, ਇਸ ਵਿੱਚ ਸਿਰ ਦੀਆਂ ਜੂੰਆਂ ਕੰਘੀ ਰਾਹੀਂ ਕੱਢੀਆਂ ਜਾਂਦੀਆਂ ਹਨ।

ਜੇ ਤੁਸੀਂ ਆਪਣੇ ਬੱਚੇ ਦੇ Nitbusters ਦਿਵਸ ਵਿੱਚ ਭਾਗ ਲੈਣ ਲਈ ਸਹਿਮਤ ਹੋਏ ਹੋ, ਤਾਂ ਕ੍ਰਿਪਾ ਕਰ ਕੇ ਇਸ ਸਹਿਮਤੀ ਫ਼ਾਰਮ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਭਰੋ ਅਤੇ ਉਪਰੋਕਤ ਦੱਸੀ ਮਿਤੀ ਨੂੰ ਸਕੂਲ ਨੂੰ ਵਾਪਸ ਭੇਜੋ। ਹਰੇਕ ਬੱਚੇ ਲਈ ਇੱਕ ਵੱਖਰੇ ਸਹਿਮਤੀ ਫ਼ਾਰਮ ਉਤੇ ਹਸਤਾਖਰ ਕਰਨੇ ਪੈਣਗੇ।

ਇਹ ਜਾਣਕਾਰੀ NSW ਸਿਹਤ (ਹੈਲਥ) Nitbusters ਦੀ ਵੈਬਸਾਈਟ 'ਤੇ ਆਧਾਰਤ ਹੈ।